ਇਹ ਜਾਣਕਾਰੀ ਇਹ ਦੱਸਦੀ ਹੈ ਕਿ ਅਪੀਲ ਦਾ ਆਪਣਾ ਪੱਖ ਲਿਖਤੀ ਰੂਪ ਵਿਚ ਕਿਵੇਂ ਦੱਸਣਾ ਹੈ। ਜ਼ਿਆਦਾ ਜਾਣਕਾਰੀ ਸਾਡੇ ਵੈੱਬਸਾਈਟ ਉੱਪਰ ਦੇਖੋ: wcat.bc.ca ਜਾਂ ਮਦਦ ਮੰਗਣ ਲਈ ਬੇਝਿਜਕ ਸਾਡੀ ਟੀਮ ਨੂੰ ਫੋਨ ਕਰੋ: 604-664-7800 ਜਾਂ 1-800-663-2782

## ਲਿਖਤੀ ਦਲੀਲਾਂ (ਰਿਟਨ ਸਬਮਿਸ਼ਨ) ਤਿਆਰ ਕਰਨਾ

ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਨੇ ਤੁਹਾਨੂੰ ਅਪੀਲ ਦਾ ਆਪਣਾ ਪੱਖ ਲਿਖਤੀ ਰੂਪ ਵਿਚ ਦੱਸਣ ਲਈ ਸੱਦਾ ਦਿੱਤਾ ਹੈ। ਇਸ ਨੂੰ ਰਿਟਨ ਸਬਮਿਸ਼ਨ ਆਖਿਆ ਜਾਂਦਾ ਹੈ।

ਤੁਹਾਡੀਆਂ ਲਿਖਤੀ ਦਲੀਲਾਂ ਵਿਚ ਕੋਈ ਵੀ ਉਹ ਨਵਾਂ ਸਬੂਤ ਸ਼ਾਮਲ ਹੋਣਾ ਚਾਹੀਦਾ ਹੈ ਜਿਹੜਾ ਵਰਕਸੇਫ ਬੀ ਸੀ ਦੀ ਫਾਇਲ ਵਿਚ ਨਹੀਂ ਹੈ, ਉਦਾਹਰਣ ਲਈ, ਨਵੇਂ ਡਾਕਟਰਾਂ ਦੀਆਂ ਰਿਪੋਰਟਾਂ। ਤੁਹਾਨੂੰ ਲਿਖਤੀ ਰੂਪ ਵਿਚ ਇਹ ਸਪਸ਼ਟ ਦੱਸਣ ਦੀ ਲੋੜ ਹੈ:

- ਡਬਲਯੂ ਸੀ ਏ ਟੀ ਨੂੰ ਉਹ ਨਤੀਜਾ ਕਿਉਂ ਕੱਢਣਾ ਚਾਹੀਦਾ ਹੈ ਜਿਹੜਾ ਤੁਸੀਂ ਚਾਹੁੰਦੇ ਹੋ
- ਤੁਹਾਡੀ ਹਾਲਤ ਉੱਪਰ ਕਾਨੂੰਨ ਜਾਂ ਵਰਕਸੇਫ ਬੀ ਸੀ ਦੀਆਂ ਪੌਲਸੀਆਂ ਕਿਵੇਂ ਲਾਗੂ ਹੁੰਦੀਆਂ ਹਨ
- ਸਬੂਤ ਕਿਵੇਂ ਉਸ ਨਤੀਜੇ ਦੇ ਹੱਕ ਵਿਚ ਹਨ ਜਿਹੜਾ ਤੁਸੀਂ ਚਾਹੁੰਦੇ ਹੋ

ⓘ ਸਾਡੇ ਵੈੱਬਸਾਈਟ ਉੱਪਰ ਜ਼ਿਆਦਾ ਜਾਣੋ: WCAT.BC.CA > APPEAL A DECISION > PREPARE YOUR CASE

ਤੁਹਾਡੇ ਕੋਲ ਸੱਦੇ ਦੀ ਤਾਰੀਕ ਵਾਲੀ ਚਿੱਠੀ ਤੋਂ ਲੈ ਕੇ ਆਪਣੀਆਂ ਲਿਖਤੀ ਦਲੀਲਾਂ ਡਬਲਯੂ ਸੀ ਏ ਟੀ ਨੂੰ ਭੇਜਣ ਲਈ 21 ਦਿਨ ਹਨ। ਜੇ ਤੁਹਾਡੇ ਕੋਲ ਸਾਂਝਾ ਕਰਨ ਲਈ ਕੁਝ ਨਹੀਂ ਹੈ ਤਾਂ ਇਹ ਦੱਸਣ ਲਈ ਡਬਲਯੂ ਸੀ ਏ ਟੀ ਨਾਲ ਸੰਪਰਕ ਕਰੋ ਕਿ ਤੁਸੀਂ ਕੋਈ ਹੋਰ ਚੀਜ਼ ਨਹੀਂ ਭੇਜੋਗੇ।

### ਆਪਣੀਆਂ ਲਿਖਤੀ ਦਲੀਲਾਂ ਭੇਜਣ ਤੋਂ ਬਾਅਦ ਕੀ ਹੁੰਦਾ ਹੈ

ਸਾਰੇ ਸਬੂਤ ਅਤੇ ਜਾਣਕਾਰੀ ਮਿਲ ਜਾਣ ’ਤੇ, ਵਾਈਸ ਚੇਅਰ ਦਰਜ ਕਰਵਾਏ ਗਏ ਸਾਰੇ ਸਬੂਤਾਂ ਅਤੇ ਜਾਣਕਾਰੀ ਦੇ ਨਾਲ ਨਾਲ ਵਰਕਸੇਫ ਬੀ ਸੀ ਦੀ ਕਲੇਮ ਫਾਇਲ ਦਾ ਰਿਵੀਊ ਕਰਦਾ ਹੈ। ਇਸ ਤੋਂ ਬਾਅਦ ਵਾਈਸ ਚੇਅਰ ਅੰਤਿਮ ਫੈਸਲਾ ਕਰਦਾ ਹੈ।

⏰ ਹੋਰ ਸਮਾਂ ਮੰਗੋ: ਆਮ ਤੌਰ ’ਤੇ ਡੈੱਡਲਾਈਨ ਤੋਂ ਬਾਅਦ ਡਾਕੂਮੈਂਟਸ ਜਾਂ ਸਬੂਤ ਪ੍ਰਵਾਨ ਨਹੀਂ ਕੀਤੇ ਜਾਂਦੇ। ਕੁਝ ਕੇਸਾਂ ਵਿਚ, ਜੇ ਕੋਈ ਵਾਜਬ ਕਾਰਨ ਹੋਵੇ ਤਾਂ ਡਬਲਯੂ ਸੀ ਏ ਟੀ ਕੁਝ ਹੋਰ ਸਮਾਂ ਦੇਣ ਬਾਰੇ ਵਿਚਾਰ ਕਰ ਸਕਦਾ ਹੈ। ਜੇ ਤੁਹਾਨੂੰ ਹੋਰ ਸਮੇਂ ਦੀ ਲੋੜ ਹੋਵੇ ਤਾਂ ਤੁਸੀਂ:

- ਵਾਧੂ 14 ਦਿਨ ਮੰਗਣ ਲਈ ਡਬਲਯੂ ਸੀ ਏ ਟੀ ਨੂੰ ਫੋਨ ਕਰੋ – ਕਿਸੇ ਕਾਰਨ ਦੀ ਲੋੜ ਨਹੀਂ ਹੈ
- ਡਬਲਯੂ ਸੀ ਏ ਟੀ ਨੂੰ ਲਿਖਤੀ ਬੇਨਤੀ ਭੇਜੋ ਜਿਹੜੀ ਇਹ ਦੱਸਦੀ ਹੋਵੇ ਕਿ ਤੁਹਾਨੂੰ 14 ਦਿਨਾਂ ਨਾਲੋਂ ਜ਼ਿਆਦਾ ਦਿਨਾਂ ਦੀ ਕਿਉਂ ਲੋੜ ਹੈ (ਵੱਧ ਤੋਂ ਵੱਧ 45 ਦਿਨਾਂ ਤੱਕ)

ਜੇ ਤੁਹਾਨੂੰ ਹੋਰ ਸਮਾਂ ਦਿੱਤਾ ਜਾਂਦਾ ਹੈ ਤਾਂ ਅਪੀਲ ਵਿਚ ਸ਼ਾਮਲ ਹੋਰ ਵਿਅਕਤੀ ਵੀ ਹੋਰ ਸਮਾਂ ਮੰਗ ਸਕਦੇ ਹਨ।

## ਆਪਣੀਆਂ ਲਿਖਤੀ ਦਲੀਲਾਂ ਤਿਆਰ ਕਰਨ ਵਿਚ ਮਦਦ ਲਈ ਕੁਝ ਸੁਝਾਅ:

- ਫੌਰਨ ਜਾਣਕਾਰੀ ਅਤੇ ਸਬੂਤ ਇਕੱਠੇ ਕਰਨਾ ਸ਼ੁਰੂ ਕਰੋ। ਕੁਝ ਜਾਣਕਾਰੀ ਮਿਲਣ ਨੂੰ ਲੰਮਾ ਸਮਾਂ ਲੱਗ ਸਕਦਾ ਹੈ
- ਇਹ ਪੱਕਾ ਕਰੋ ਕਿ ਤੁਹਾਡੀਆਂ ਸਾਰੀਆਂ ਲਿਖਤੀ ਦਲੀਲਾਂ ਡਬਲਯੂ ਸੀ ਏ ਟੀ ਨੂੰ ਡੈੱਡਲਾਈਨ ਤੱਕ ਮਿਲ ਜਾਣਗੀਆਂ। ਤੁਸੀਂ ਹੋਰ ਸਮਾਂ ਵੀ ਮੰਗ ਸਕਦੇ ਹੋ
- ਆਪਣੇ ਵਲੋਂ ਡਬਲਯੂ ਸੀ ਏ ਟੀ ਨੂੰ ਭੇਜੀ ਜਾਣ ਵਾਲੀ ਹਰ ਚੀਜ਼ ਉੱਪਰ ਵਰਕਸੇਫ ਬੀ ਸੀ ਦਾ ਕਲੇਮ ਜਾਂ ਫਾਇਲ ਨੰਬਰ ਅਤੇ ਡਬਲਯੂ ਸੀ ਏ ਟੀ ਦਾ ਅਪੀਲ ਨੰਬਰ ਲਿਖੋ
- ਆਪਣੀ ਅਪੀਲ ਦੇ ਖਰਚਿਆਂ ਦਾ ਪੁੱਛੋ। ਉਦਾਹਰਣ ਲਈ, ਜੇ ਤੁਸੀਂ ਕਿਸੇ ਰਿਪੋਰਟ ਜਾਂ ਚਿੱਠੀ ਲਈ ਪੈਸੇ ਦਿੱਤੇ ਹਨ ਤਾਂ ਆਪਣੀ ਰਸੀਦ ਜਾਂ ਇਨਵੋਆਇਸ ਦਰਜ ਕਰਵਾਉ। ਆਪਣੇ ਅੰਤਿਮ ਫੈਸਲੇ ਵਿਚ ਵਾਈਸ ਚੇਅਰ ਤੁਹਾਡੀ ਮੰਗ ਦਾ ਹੱਲ ਕਰੇਗਾ।

ਇਸ ਚੀਜ਼ ਬਾਰੇ ਹੋਰ ਸੁਝਾਅ ਲੱਭਣ ਲਈ ਕਿ ਆਪਣਾ ਕੇਸ ਕਿਵੇਂ ਤਿਆਰ ਕਰਨਾ ਹੈ ਅਤੇ ਕਾਰਵਾਈ ਨੂੰ ਕਿਵੇਂ ਤੇਜ਼ ਕਰਨਾ ਹੈ, ਸਾਡੇ ਵੈੱਬਸਾਈਟ 'ਤੇ ਜਾਉ: WCAT.BC.CA > APPEAL A DECISION > PREPARE YOUR CASE

## ਮਦਦ ਲਉ

ਕਿਸੇ ਨੁਮਾਇੰਦੇ (ਰੈਪਰੇਜ਼ਿਨਟੇਟਿਵ) ਦੀ ਮਦਦ ਲਉ। ਆਪਣੀ ਅਪੀਲ ਦਾ ਪੱਖ ਦੱਸਣ ਵਿਚ ਮਦਦ ਲਈ ਤੁਸੀਂ ਕਿਸੇ ਨੂੰ ਮੁਖ਼ਤਾਰ ਬਣਾ ਸਕਦੇ ਹੋ। ਉਹ ਕੋਈ ਵਕੀਲ, ਕੰਪਨਸੇਸ਼ਨ ਕਨਸਲਟੈਂਟ, ਯੂਨੀਅਨ ਜਾਂ ਇਮਪਲੌਏਅਰਜ਼ ਐਸੋਸੀਏਸ਼ਨ ਤੋਂ ਕੋਈ ਵਿਅਕਤੀ, ਪਰਿਵਾਰ ਦਾ ਮੈਂਬਰ ਜਾਂ ਦੋਸਤ ਹੋ ਸਕਦਾ ਹੈ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਕੋਈ ਨੁਮਾਇੰਦਾ ਰੱਖਣ ਦਾ ਖਰਚਾ ਡਬਲਯੂ ਸੀ ਏ ਟੀ ਤੁਹਾਨੂੰ ਮੋੜਦਾ ਨਹੀਂ ਹੈ।

ਕਿਸੇ ਐਡਵਾਈਜ਼ਰ ਨਾਲ ਗੱਲ ਕਰੋ। ਵਰਕਰਾਂ ਜਾਂ ਇਮਪਲੌਏਅਰਾਂ ਦੇ ਐਡਵਾਈਜ਼ਰ ਉਨ੍ਹਾਂ ਲੋਕਾਂ ਦੀ ਮੁਫਤ ਮਦਦ ਕਰਦੇ ਹਨ ਜਿਹੜੇ ਵਰਕਸੇਫ ਬੀ ਸੀ ਦੇ ਕਿਸੇ ਫੈਸਲੇ ਨਾਲ ਅਸਹਿਮਤ ਹੁੰਦੇ ਹਨ।

ਵਰਕਰਜ਼ ਐਡਵਾਈਜ਼ਰਜ਼ ਆਫਿਸ
www.labour.gov.bc.ca/wao
1 800 663-4261 (ਬੀ.ਸੀ. ਵਿਚ ਮੁਫਤ)

ਇਮਪਲੌਏਅਰਜ਼ ਐਡਵਾਈਜ਼ਰਜ਼ ਆਫਿਸ
www.labour.gov.bc.ca/eao
1 800 925-2233 (ਬੀ.ਸੀ. ਵਿਚ ਮੁਫਤ)

ਡਬਲਯੂ ਸੀ ਏ ਟੀ ਨਾਲ ਸੰਪਰਕ ਕਰੋ। ਤੁਹਾਡੀ ਅਪੀਲ ਨੂੰ ਸਹੀ ਥਾਂ 'ਤੇ ਰੱਖਣ ਵਿਚ ਮਦਦ ਲਈ ਡਬਲਯੂ ਸੀ ਏ ਟੀ ਦਾ ਸਟਾਫ ਮਦਦ ਕਰ ਸਕਦਾ ਹੈ। ਉਹ ਨਿਰਪੱਖ ਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਕੋਈ ਕਾਨੂੰਨੀ ਸਲਾਹ ਨਹੀਂ ਦੇਣਗੇ ਜਾਂ ਤੁਹਾਡੇ ਨੁਮਾਇੰਦੇ ਵਜੋਂ ਕੰਮ ਨਹੀਂ ਕਰਨਗੇ।